ਅਤਿ ਜ਼ਰੂਰੀ/ਤੁਰੰਤ
ਮਿਤੀ-ਬੱਧ

ਡਾਇਰੈਕਟੋਰੇਟ, ਪਸ਼ੂ ਪਾਲਣ, ਵਿਭਾਗ,ਪੰਜਾਬ,
ਲਾਈਵਸਟਾਕ ਕੰਪਲੈਕਸ, ਸੈਕਟਰ-68 ਸਾਹਿਬਜ਼ਾਦਾ ਅਜੀਤ ਸਿੰਘ ਨਗਰ।
(ਅਮਲਾ ਸ਼ਾਖਾ-1)

ਸੇਵਾ ਵਿਖੇ

ਸਮੂਹ ਅਧੀਨ ਦਫਤਰ।
ਪਸ਼ੂ ਪਾਲਣ ਵਿਭਾਗ ਪੰਜਾਬ।

ਮੀਮੋ ਨੰ. ਈ-6/2018/ 944-66
ਮਿਤੀ 11-1-18

ਵਿਸ਼ਾ ਵੱਖ-ਵੱਖ ਵਿਭਾਗਾਂ ਦੀ ਮਿਤੀ 19.2.2018 ਤੋਂ ਲੈ ਕੇ ਮਿਤੀ 24.2.2018 ਤੱਕ ਹੋਣ ਵਾਲੀ ਵਿਭਾਗੀ ਪ੍ਰੀਖਿਆ ਬਾਰੇ।

***

ਉਪਰੋਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਪਸ਼ੂ ਪਾਲਣ ਵਿਭਾਗ ਦੇ ਵੈਟਰਨਰੀ ਅਫਸਰਾਂ ਦੀ ਵਿਭਾਗੀ ਪ੍ਰੀਖਿਆ ਦਾ ਪਹਿਲਾਂ ਪੇਪਰ Animal Husb. & Vet. Science (without Book) ਮਿਤੀ 19.2.2018 ( ਸੋਮਵਾਰ ਸਵੇਰੇ 9.00 ਵਜੇ ਤੋਂ 12.00 ਵਜੇ ਤੱਕ) ਨੂੰ, ਅਤੇ ਦੂਜਾ ਪੇਪਰ Legislative (Acts and Rules) (with Book) ਮਿਤੀ 20.2.2018 ਨੂੰ (ਮੰਗਲਵਾਰ 2.00 ਵਜੇ ਤੋਂ ਲੈ ਕੇ ਸਾਮ 5.00 ਤੱਕ ) ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ ਪਬਲਿਕ ਐਡਮਨਿਸਟਰੇਸ਼ਨ, ਪੰਜਾਬ ਸੈਕਟਰ-26 ਚੰਡੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ।

ਵਿਭਾਗੀ ਪ੍ਰੀਖਿਆ ਸਬੰਧੀ ਪ੍ਰਸੋਨਲ ਵਿਭਾਗ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਕਾਪੀ/ ਵਿਭਾਗੀ ਪ੍ਰੀਖਿਆ ਲਈ ਪ੍ਰੋਫਾਰਮਾ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਆਪ ਅਧੀਨ ਕੰਮ ਕਰਦੇ ਵੈਟਰਨਰੀ ਅਫਸਰ, ਜਿਨ੍ਹਾ ਵਲੋ ਵਿਭਾਗੀ ਪ੍ਰੀਖਿਆ ਵਿੱਚ ਭਾਗ ਲੈਣਾ ਹੈ, ਨੂੰ ਸਰਕਾਰ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਬਾਰੇ ਜਾਣੂੰ ਕਰਵਾਉਦੇ ਹੋਏ ਵੈਟੀ.ਅਫਸਰਾਂ ਦੇ ਪ੍ਰੋਫਾਰਮੇ (ਦੋ ਪਰਤਾਂ ਵਿੱਚ ਸਬੰਧਤ ਅਧਿਕਾਰੀ ਦੀ ਫੋਟੋ ਅਤੇ ਪ੍ਰੋਫਾਰਮਾ ਅਟੈਸ਼ਟ ਕਰਕੇ) ਮੁਕੰਮਲ ਕਰਕੇ ਮਿਤੀ 18.1.2018 ਤੱਕ ਵਿਸੇਸ ਹਰਕਾਰੇ ਰਾਹੀਂ ਇਸ ਦਫਤਰ ਨੂੰ ਭੇਜੇ ਜਾਣ ।

ਇੱਥੇ ਇਹ ਸਪੱਸਟ ਕੀਤਾ ਜਾਂਦਾ ਹੈ ਮਿਤੀ 18.1.2018 ਤੋ ਬਾਅਦ ਪ੍ਰਾਪਤ ਹੋਈਆ ਪ੍ਰਤੀਬੇਨਤੀਆ/ ਅਧੂਰੇ ਪ੍ਰੋਫਾਰਮੇ ਅਤੇ ਵੈਟੀ. ਅਫਸਰਾਂ ਦੇ ਸਿੱਧੇ ਪ੍ਰਾਪਤ ਹੋਏ ਪ੍ਰੋਫਾਰਮੇ ਨੂੰ ਵਿਚਾਰਿਆ ਨਹੀਂ ਜਾਵੇਗਾ। ਇਸ ਸਬੰਧੀ ਆਪਣੇ ਅਧੀਨ ਕੰਮ ਕਰਦੇ ਸਬੰਧਤ ਅਧਿਕਾਰੀਆਂ ਨੂੰ ਜਾਣੂੰ ਕਰਵਾ ਦਿੱਤਾ ਜਾਵੇ।

ਇਸਨੂੰ ਪਰਮ ਅਗੇਤ ਦਿੱਤੀ ਜਾਵੇ।

ਡਾਇਰੈਕਟਰ, ਪਸ਼ੂ ਪਾਲਣ ਵਿਭਾਗ ਪੰਜਾਬ,
ਸਾਹਿਬਜਾਦਾ ਅਜੀਤ ਸਿੰਘ ਨਗਰ,

Scanned by CamScanner